# ਜਨ ਭਗਤਨ ਕੋ ਕਹੋ ਨ ਮਾਨੋ

## ਰਾਗੁ ਗੂਜਰੀ ਭਗਤਾ ਕੀ ਬਾਣੀ

## ੴ ਸਤਿ ਗੁਰ ਪ੍ਰਸਾਦਿ ॥

## ਸ੍ਰੀ ਕਬੀਰ ਜੀਉ ਕਾ ਚਉਪਦਾ ਘਰੁ ੨ ਦੂਜਾ ॥

ਇਹ ਸ਼ਬਦ ਭਗਤ ਕਬੀਰ ਜੀ ਦਾ 'ਭਗਤਾ ਕੀ ਬਾਣੀ' ਸਿਰਲੇਖ ਹੇਠ, ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੁਆਰਾ ੫੨੪ ਪੰਨੇ ਤੇ ਅੰਕਤ ਕੀਤਾ ਗਿਆ ਹੈ। ਇਹ ਚਾਰ ਪਦਿਆਂ ਦਾ ਸ਼ਬਦ ਹੈ ਅਤੇ ਇਸ ਨੂੰ ਦੂਜੇ ਘਰ ਵਿਚ ਗਾਇਨ ਕਰਨ ਦੀ ਹਦਾਇਤ ਹੈ। ਇਸ ਸ਼ਬਦ ਦੇ ਸਿਰਲੇਖ ਵਿਚ ਮੰਗਲਾਚਰਣ ਵਜੋਂ ਮੂਲ ਮੰਤਰ ਦੇ ਚੌਥੇ (ਸੰਖਿਪਤ) ਸਰੂਪ ਨੂੰ ਲਿਆ ਗਿਆ ਹੈ।

ਇਸ ਸ਼ਬਦ ਵਿਚ ਭਗਤ ਕਬੀਰ ਜੀ ਨੇ ਬਹੁਤ ਹੀ ਮਹੱਤਵਪੂਰਨ ਵਿਸ਼ਾ ਲਿਆ ਹੈ। ਜੀਵਾਤਮਾ ਲਈ ਮਨੁਖਾ ਜਨਮ ਅਤਿਅੰਤ ਦੁਰਲਭ ਹੈ ਜੋ ਉਸ ਨੂੰ ਭਗਤ ਜਨਾਂ ਦੀ ਸੀਖ ਲੈ ਕੇ ਪ੍ਰਭੂ ਦਾ ਸਿਮਰਨ ਕਰਨ ਲਈ ਮਿਲਿਆ ਹੈ। ਭਗਤ ਜੀ ਨੇ ਬੜੇ ਕਰੜੇ ਸ਼ਬਦਾਂ ਵਿਚ ਖ਼ਬਰਦਾਰ ਕੀਤਾ ਹੈ ਕਿ ਇਹ ਕਾਰਜ ਜਿਤਨੇ ਜਲਦੀ ਹੋ ਸਕੇ ਕਰ ਲੈਣਾ ਚਾਹੀਦਾ ਹੈ। ਇਸ ਨੂੰ ਅਜਾਈਂ ਗੁਆ ਲੈਣ ਦਾ ਸਿਟਾ ਚੁਰਾਸੀ ਲਖ ਜੂਨਾਂ ਵਿਚ ਪੈਣਾ ਹੈ ਅਤੇ ਇਨ੍ਹਾਂ ਜੂਨਾਂ ਵਿਚ ਪੈ ਜਾਣ ਨਾਲ ਪ੍ਰਭੂ ਦੇ ਗੁਣ ਗਾਇਨ ਕਰਨੇ, ਸਿਮਰਨ ਕਰਨਾ ਅਸੰਭਵ ਹੋ ਜਾਂਦਾ ਹੈ। ਇਸ ਦੇ ਨਾਲ ਇਨ੍ਹਾਂ ਜੂਨਾਂ ਵਿਚ ਕਰੜੇ ਦੁਖ ਭੋਗਣੇ ਪੈਂਦੇ ਹਨ। ਇਹ ਸਿਰਫ਼ ਇਸ ਕਰ ਕੇ ਹੁੰਦਾ ਹੈ ਕਿ ਮਨੁਖ ਭਗਤ ਜਨਾਂ ਦੇ ਆਖੇ ਨਾ ਲਗ ਕੇ ਰਾਮ ਪ੍ਰਭੂ ਦਾ ਸਿਮਰਨ ਕਰਨੋਂ ਖੁੰਜ ਜਾਂਦਾ ਹੈ।

**ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈ ਹੈ ॥**
**ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈ ਹੈ ॥੧॥**

-- ਭਗਤ ਜੀ ਮਨੁਖ ਨੂੰ ਖ਼ਬਰਦਾਰ ਕਰਦੇ ਹਨ ਕਿ ਹੁਣੇ ਹੀ, ਮਨੁਖਾ ਜਨਮ ਵਿਚ ਰਹਿੰਦਿਆਂ ਪ੍ਰਭੂ ਦਾ ਨਾਮ ਜਪ ਲੈ। ਨਾਮ ਨਾ ਜਪਣ ਕਾਰਨ ਜੇ ਤੂੰ ਪਸ਼ੂ ਜੂਨ ਵਿਚ ਪੈ ਗਿਆ ਤਾਂ ਤੇਰੇ ਚਾਰ ਪੈਰ, ਦੋ ਸਿੰਗ ਤੇ ਗੂੰਗਾ ਮੂੰਹ ਹੋ ਜਾਏਗਾ ਤਾਂ ਪ੍ਰਭੂ ਦਾ ਸਿਮਰਨ ਕਿਵੇਂ ਕਰ ਸਕੇਂਗਾ !

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਮਨੁਖ ਕੀੜੇ, ਪਤੰਗੇ, ਹਾਥੀ, ਮਛੀ, ਹਿਰਨ, ਪੰਛੀਆਂ, ਸੱਪਾਂ, ਘੋੜੇ, ਵਨਸਪਤੀ, ਬਲਦ ਆਦਿ ਜੂਨਾਂ ਭੋਗਦਾ ਭੋਗਦਾ ਅਤਿਅੰਤ ਲੰਮੇ ਸਮੇਂ ਬਾਅਦ ਮਨੁਖਾ ਜਨਮ ਨੂੰ ਪ੍ਰਾਪਤ ਹੁੰਦਾ ਹੈ। ਮਨੁਖਾ ਜਨਮ ਅਤਿਅੰਤ ਦੁਰਲਭ ਹੈ ਅਤੇ ਪ੍ਰਭੂ ਨੂੰ ਮਿਲਣ ਦੇ ਇਕ ਮੌਕੇ ਵਜੋਂ ਮਿਲਦਾ ਹੈ। ਇਸ ਲਈ ਇਸ ਵਿਚ ਭਗਤ ਜਨਾਂ ਦੀ ਸੰਗਤਿ ਅਤੇ ਸੇਵਾ ਕਰਦਿਆਂ, ਗੁਰੂ ਦੀ ਦਿਤੀ ਮਤ ਅਨੁਸਾਰ 'ਹਰਿ ਹਰਿ', ਭਾਵ, **ਵਾਹਗੁਰੂ ਵਾਹਗੁਰੂ ਵਾਹਗੁਰੂ...** ਨਾਮ ਜਪ ਕੇ ਪ੍ਰਭੂ ਦੀ ਦਰਗਾਹ ਵਿਚ ਪ੍ਰਵਾਨ ਹੋਣਾ ਹੁੰਦਾ ਹੈ – 'ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥ ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥ ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥..ਸਾਧ ਸੰਗਿ ਭਇਓ ਜਨਮੁ ਪਰਾਪਤਿ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ॥', ਪੰਨਾ ੧੭੬. ਇੰਵ ਤਾਂ ਇਕੋ ਹੀ ਚੁਰਾਸੀ ਦਾ ਗੇੜ ਕਈ ਜੁਗਾਂ ਦਾ ਹੋ ਜਾਂਦਾ ਹੈ, ਮੁਕਣ ਵਿਚ ਹੀ ਨਹੀਂ ਆਉਂਦਾ।

-- ਪਸ਼ੂ ਜੂਨ ਵਿਚ ਹੋਣ ਕਰ ਕੇ ਜਦੋਂ ਤੇਰਾ ਮਾਲਕ ਉਠਦਿਆਂ ਬੈਠਦਿਆਂ ਤੇਰੇ ਸਿਰ ਤੇ ਸੋਟਾ ਮਾਰੇਗਾ ਤਾਂ ਆਪਣਾ ਸਿਰ ਕਿਥੇ ਲੁਕਾ ਲਏਂਗਾ, ਭਾਵ, ਤੈਨੂੰ ਮਾਰ ਸਹਿਣੀ ਹੀ ਪਏਗੀ।੧।

**ਹਰਿ ਬਿਨੁ ਬੈਲ ਬਿਰਾਨੇ ਹੁਈ ਹੈ॥**

**ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈ ਹੈ॥੧॥ਰਹਾਉ॥**

-- ਹਰੀ ਪ੍ਰਭੂ ਦਾ ਸਿਮਰਨ ਕੀਤੇ ਬਿਨਾਂ ਤੂੰ ਅਨੇਕਾਂ ਜੂਨਾਂ ਵਿਚ ਭਟਕੇਂਗਾ। ਜੇ ਤੂੰ ਬਲਦ ਬਣਿਆਂ ਤਾਂ ਬਿਗਾਨਿਆਂ ਦੇ ਵਸ ਪੈ ਜਾਏਂਗਾ।

-- ਤੇਰਾ ਨਕ ਚੀਰਿਆ ਹੋਇਆ ਹੋਏਗਾ ਕਿਉਂਕਿ ਉਸ ਵਿਚ ਤੇਰਾ ਮਾਲਕ ਨਕੇਲ ਪਾ ਲਏਗਾ। ਭਾਰ ਸਹਿ ਸਹਿ ਕੇ ਤੇਰੇ ਮੋਢੇ ਟੁਟੇ ਹੋਣਗੇ ਅਤੇ ਤੈਨੂੰ ਕੋਧਰੇ ਆਦਿ ਦਾ ਭੁਸ ਖਾਣ ਨੂੰ ਮਿਲੇਗਾ, ਮਨ ਪਸੰਦ ਦੀ ਖੁਰਾਕ ਨਸੀਬ ਨਹੀਂ ਹੋਣੀ।੧।ਰਹਾਉ।

ਪਿੰਡਾਂ ਵਿਚ ਇਹ ਸਭ ਕੁਝ ਆਮ ਵਾਪਰਦਾ ਹੈ। ਬਲਦਾਂ ਨਾਲ ਖੇਤਾਂ ਵਿਚ ਹਲ ਜੋਤਿਆ ਜਾਂਦਾ ਹੈ। ਭਾਰ ਲਦਣ ਵਾਲੇ ਗੱਡੇ ਵੀ ਬਲਦਾਂ ਰਾਹੀਂ ਹਿਕੇ ਜਾਂਦੇ ਹਨ। ਟਿੰਡਾਂ ਵਾਲੇ ਖੂਹਾਂ ਤੇ ਚਲਦੇ ਹਲਟ ਵੀ ਆਮ ਤੌਰ ਤੇ ਬਲਦਾਂ ਰਾਹੀਂ ਹੀ ਗੇੜੇ ਜਾਂਦੇ ਰਹੇ ਹਨ। ਕਈ ਥਾਈਂ ਇਹ ਕੰਮ ਬੋਤਿਆਂ (ਊਠਾਂ) ਤੋਂ ਜਾਂ ਕਿਤੇ ਕਿਤੇ ਝੋਟਿਆਂ ਤੋਂ ਲਿਆ ਜਾਂਦਾ ਹੈ। ਭਾਰ ਲੱਦ ਲੱਦ ਕੇ ਉਨ੍ਹਾਂ ਦੇ ਸਰੀਰਾਂ ਦਾ ਇਹੋ ਜਿਹਾ ਹਾਲ ਹੀ ਵੇਖਣ ਨੂੰ ਮਿਲਦਾ ਹੈ ਜਿਹੋ ਜਿਹਾ ਇਨ੍ਹਾਂ ਪੰਕਤੀਆਂ ਵਿਚ ਭਗਤ ਕਬੀਰ ਜੀ ਨੇ ਬਿਆਨ ਕੀਤਾ ਹੈ।

**ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈ ਹੈ॥**
**ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈ ਹੈ॥੨॥**

-- ਸਾਰਾ ਸਾਰਾ ਦਿਨ ਜੰਗਲ ਵਿਚ ਭਟਕਦਾ ਫ਼ਿਰੇਂਗਾ ਤਾਂ ਵੀ ਤੈਨੂੰ ਭਰ ਪੇਟ ਖਾਣਾ ਨਸੀਬ ਨਹੀਂ ਹੋਣਾ।

ਪਸ਼ੂਆਂ ਦਾ ਮਾਲਕ ਜੋ ਤੇ ਜਿਤਨਾ ਤੇ ਜਦੋਂ ਦੇ ਦਿੰਦਾ ਹੈ, ਉਤਨਾ ਹੀ ਖਾ ਕੇ ਗੁਜ਼ਾਰਾ ਕਰਨਾ ਪੈਂਦਾ ਹੈ, ਮੰਗ ਤਾਂ ਸਕਦੇ ਨਹੀਂ। ਜੋ ਅਵਾਰਾ ਤੇ ਜੰਗਲੀ ਹੁੰਦੇ ਹਨ ਉਨ੍ਹਾਂ ਦਾ ਤਾਂ ਖਾਣ ਦਾ ਕੋਈ ਟਿਕਾਣਾ ਹੀ ਨਹੀਂ ਹੁੰਦਾ। ਕਈ ਤਾਂ ਭੁਖੇ ਹੀ ਮਰ ਜਾਂਦੇ ਹਨ।

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨਾਂ ਅਨੁਸਾਰ ਸਾਰੇ ਜਗਤ ਦੇ ਜੀਅ ਜੰਤਾਂ ਦੇ ਮਨ ਡੋਲਦੇ ਫ਼ਿਰਦੇ ਹਨ, ਪ੍ਰਭੂ ਮਿਹਰ ਕਰ ਕੇ ਕੋਈ ਮਹਾਤਮਾ ਮਿਲਾ ਦਏ ਤਾਂ ਹੀ ਜਗਤ ਨੂੰ ਆਸਰਾ ਮਿਲੇ, ਭਗਤ ਹੀ ਜਗਤ ਦੇ ਥੰਮ ਹੁੰਦੇ ਹਨ - 'ਜੀਅ ਜੰਤ ਸਭੁ ਜਗੁ ਹੈ ਜੇਤਾ ਮਨੁ ਡੋਲਤ ਡੋਲ ਕਰੀਜੈ॥ ਕ੍ਰਿਪਾ ਕ੍ਰਿਪਾ ਕਰਿ ਸਾਧੁ ਮਿਲਾਵਹੁ ਜਗੁ ਥੰਮਨ ਕਉ ਥੰਮੁ ਦੀਜੈ॥', ਪੰਨਾ ੧੩੨੪.

-- ਤੂੰ ਜਦੋਂ ਮਨੁਖਾ ਜਨਮ ਵਿਚ ਸੀ, ਭਗਤ ਜਨਾਂ ਦੀ ਸੰਗਤਿ ਨਹੀਂ ਕੀਤੀ, ਉਨ੍ਹਾਂ ਦੇ ਆਖੇ ਲਗ ਕੇ ਤੂੰ ਗੁਰਮੰਤਰ ਨਹੀਂ ਜਪਿਆ, ਸਿਮਰਨ ਨਹੀਂ ਕੀਤਾ, ਇਸ ਲਈ ਆਪਣਾ ਹੀ ਕੀਤਾ ਪਾ ਰਿਹਾ ਹੈਂ।੨।

ਪੰਚਮ ਪਾਤਸ਼ਾਹ ਦੇ ਬਚਨਾਂ ਅਨੁਸਾਰ ਭਗਤ ਜਨਾਂ ਦੇ ਆਖੇ ਲਗਣਾ ਬਹੁਤ ਜ਼ਰੂਰੀ ਹੁੰਦਾ ਹੈ ਕਿਉਂਕਿ ਉਹ ਜੋ ਬੋਲਦੇ ਹਨ, ਪ੍ਰਭੂ ਦੇ ਯਥਾਰਥ ਨੂੰ ਜ਼ਾਹਰਾ ਵੇਖ ਕੇ ਬੋਲਦੇ ਹਨ - 'ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥', ਪੰਨਾ ੮੯੪. ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਬਚਨ ਹਨ ਕਿ ਵਕਤ ਦੇ ਸੰਤ ਮਹਾਂਪੁਰਖ ਸਮੇਂ ਸਮੇਂ ਤੇ ਵੇਦ ਆਦਿਕ ਧਰਮ ਗ੍ਰੰਥਾਂ ਵਿਚ ਸਪੱਸ਼ਟ ਤੌਰ ਤੇ ਨਾਮ ਜਪਣ ਦਾ ਉਪਦੇਸ਼ ਦਿੰਦੇ ਆਏ ਹਨ ਪਰ ਥਿੜਕਿਆ ਹੋਇਆ ਮਨੁਖ ਉਨ੍ਹਾਂ ਬਚਨਾਂ ਨੂੰ ਅਮਲ ਵਿਚ ਨਹੀਂ ਲਿਆਉਂਦਾ - 'ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥', ਪੰਨਾ ੯੧੯. ਇਸ ਤਰ੍ਹਾਂ ਦੇ ਹੀ ਬਚਨ ਪੰਚਮ ਪਾਤਸ਼ਾਹ ਨੇ ਵੀ ਕੀਤੇ ਹਨ ਕਿ ਕੰਨਾਂ ਤੋ ਡੋਰਾ ਬਣਿਆ ਹੋਇਆ ਮਨੁਖ ਮਹਾਂਪੁਰਖਾਂ ਦੇ ਆਪਣੇ ਜ਼ਾਹਰਾ ਕੀਤੇ ਬਚਨ ਅਤੇ ਉਨ੍ਹਾਂ ਦੇ ਸਮੇਂ ਸਮੇਂ ਤੇ ਧਰਮ ਗ੍ਰੰਥਾਂ ਵਿਚ ਅੰਕਤ ਕੀਤੇ ਬਚਨਾਂ ਨੂੰ ਨਹੀਂ ਸੁਣਦਾ, ਭਾਵ, ਨਾਮ ਨਹੀਂ ਜਪਦਾ - 'ਬੇਦ ਸਾਸਤ੍ਰ ਜਨ ਪੁਕਾਰਹਿ ਸੁਨਹਿ ਨਾਹੀ ਡੋਰਾ॥', ਪੰਨਾ ੪੦੮. ਨੌਵੇਂ ਪਾਤਸ਼ਾਹ ਸਾਵਧਾਨ ਕਰਦੇ ਹਨ ਕਿ ਮਨੁਖਾ ਜਨਮ ਦੇ ਰਹਿੰਦਿਆਂ ਅਜੇ ਵੀ ਕੁਝ ਨਹੀਂ ਵਿਗੜਿਆ, ਮੁਰਾਰੀ ਪ੍ਰਭੂ ਦਾ ਨਾਮ ਜਪ ਲਿਆ ਜਾਏ।

ਮਹਾਰਾਜ ਫ਼ੁਰਮਾਣ ਕਰਦੇ ਹਨ ਕਿ 'ਮੈਂ ਸਭ ਸਾਧ ਜਨਾਂ ਮਹਾਂਪੁਰਖਾਂ ਦਾ ਸੁਣਾਇਆ ਹੋਇਆ ਨਿਜੀ ਮਤ ਪੁਕਾਰ ਪੁਕਾਰ ਕੇ ਦਸ ਰਿਹਾ ਹਾਂ ਕਿ ਨਾਮ ਜਪ ਲਉ' – 'ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ ਭਜਿ ਲੇ ਨਾਮੁ ਮੁਰਾਰਿ॥ ਕਹੁ ਨਾਨਕ **ਨਿਜ ਮਤੁ ਸਾਧਨ ਕਉ** ਭਾਖਿਓ ਤੋਹਿ ਪੁਕਾਰਿ॥', ਪੰਨਾ ੬੩੩. ਹੋਰ ਬਚਨ ਕਰਦੇ ਹਨ ਕਿ ਸੰਤ ਜਨ ਪੁਕਾਰ ਪੁਕਾਰ ਕੇ ਕਹਿੰਦੇ ਹਨ ਕਿ ਪ੍ਰਭੂ ਹਰ ਥਾਂ ਵਸਦਾ ਹੈ ਇਸ ਲਈ ਸਿਮਰਨ ਕੀਤਾ ਜਾਏ ਤਾਂ ਕਿ ਇਸ ਭਵਜਲ ਸਾਗਰ ਤੋਂ ਪਾਰ ਹੋ ਸਕੀਏ – 'ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥ ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥', ਪੰਨਾ ੧੪੨੬.

ਭਗਤ ਕਬੀਰ ਜੀ ਵੀ ਬਚਨ ਕਰਦੇ ਹਨ ਕਿ ਲੋਕ ਇਧਰ ਉਧਰ ਦੀ ਫ਼ਾਲਤੂ ਦੀ ਚਰਚਾ ਵਿਚ ਸਮਾਂ ਅਜਾਈਂ ਗੁਆਂਦੇ ਹਨ, ਆਪਣੇ ਅਰਾਧਿਅ ਬ੍ਰਹਮਾ ਜੀ ਤਕ ਦੇ ਆਖੇ ਨਹੀਂ ਲਗਦੇ, ਭਾਵ, ਨਾਮ ਨਹੀਂ ਜਪਦੇ – 'ਛਾਡਿ ਕੁਚਰਚਾ ਆਨ ਨ ਜਾਨਹਿ॥ ਬ੍ਰਹਮਾ ਹੂ ਕੋ ਕਹਿਓ ਨ ਮਾਨਹਿ॥', ਪੰਨਾ ੩੩੨. ਬਹੁਤ ਹੀ ਸਪੱਸ਼ਟ ਸ਼ਬਦਾਂ ਵਿਚ ਹੋਰ ਵੀ ਫ਼ੁਰਮਾਣ ਕਰਦੇ ਹਨ ਕਿ ਮੇਰੀ ਨਹੀਂ ਮੰਨਦੇ ਤਾਂ ਨਾਰਦ ਜੀ ਨੇ ਵੀ ਬਚਨ ਕੀਤੇ ਹੋਏ ਹਨ, ਬਿਆਸ ਜੀ ਵੀ ਉਪਦੇਸ਼ ਕੀਤੇ ਹਨ, ਰਿਖੀ ਸੁਕਦੇਵ ਜੀ ਨੂੰ ਹੀ ਪੁਛ ਲਉ, ਭਾਵ, ਕਿਸੇ ਦੇ ਕੀਤੇ ਬਚਨ ਤਾਂ ਮੰਨ ਲਉ ਕਿਉਂਕਿ ਸਾਰੇ ਉਪਦੇਸ਼ ਦੇਣ ਵਿਚ ਇਕ ਮਤ ਹਨ ਕਿ ਰਾਮ ਪ੍ਰਭੂ ਦਾ ਨਾਮ ਸਿਮਰ ਕੇ ਉਸ ਨਾਲ ਇਕਮਿਕ ਹੋ ਜਾਉ, ਵਰਨਾ ਭਵਜਲ ਸੰਸਾਰ ਸਾਗਰ ਵਿਚ ਡੁਬੇ ਸਮਝੋ ਅਤੇ ਇਹੀ ਹਾਲ ਹੋਏਗਾ ਜੋ ਭਗਤ ਜੀ ਨੇ ਉਪਰਲੀਆਂ ਪੰਕਤੀਆਂ ਵਿਚ ਫ਼ੁਰਮਾਣ ਕੀਤਾ ਹੈ – 'ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਭਾਈ॥ ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ॥', ਪੰਨਾ ੧੧੦੨.

ਭਗਤ ਪਰਮਾਨੰਦ ਜੀ ਵੀ ਉਪਦੇਸ਼ ਕਰਦੇ ਹਨ ਕੇ ਭਗਤਾਂ ਮਹਾਂਪੁਰਖਾਂ ਦੇ ਧਰਮ ਗ੍ਰੰਥਾਂ ਵਿਚ ਕੀਤੇ ਬਚਨਾਂ ਨੂੰ ਪੜ ਸੁਣ ਲੈਣ ਦਾ ਕੀ ਲਾਭ ਜੇ ਉਹ ਸੁਣ ਕੇ ਹਿਰਦੇ ਵਿਚ ਸਦੀਵੀ ਥਿਰ ਰਹਿਣ ਵਾਲੀ ਭਗਤੀ ਪੈਦਾ ਨਹੀਂ ਹੋਈ, ਸਿਮਰਨ ਨਹੀਂ ਕੀਤਾ ਅਤੇ ਭੁਖਿਆਂ ਨੂੰ ਦਾਨ ਦੇਣ ਆਦਿ ਦੇ ਗੁਣ ਨਹੀਂ ਅਪਨਾਏ – 'ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥ ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ॥', ਪੰਨਾ ੧੨੫੩.

**ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭਰਮਈ ਹੈ॥**
**ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ ਇਹੁ ਅਉਸਰੁ ਕਤ ਪਈ ਹੈ॥੩॥**

– – ਭਗਤ ਜਨਾਂ ਦੇ ਆਖੇ ਅਨੁਸਾਰ ਪ੍ਰਭੂ ਦਾ ਨਾਮ ਨਾ ਜਪਣ ਕਰ ਕੇ, ਦੁਖ ਸੁਖ ਭੋਗਦਾ ਤੇ ਅਨੇਕ ਭਰਮਾਂ ਵਿਚ ਭਟਕਦਾ ਹੁਣ ਤੂੰ ਅਨੇਕਾਂ ਜੂਨਾਂ ਵਿਚ ਭਟਕੇਂਗਾ।
ਪਸ਼ੂ ਜੂਨਾਂ ਨੂੰ ਭਲੇ ਬੁਰੇ ਦੀ ਸਮਝ ਨਹੀਂ ਹੁੰਦੀ, ਜਿਸ ਕਰ ਕੇ ਉਹ ਫ਼ਸ ਜਾਂਦਾ ਹੈ ਜਿਵੇਂ ਪਤੰਗੇ ਨੂੰ ਅਗ ਵੇਖ ਕੇ ਸਮਝ ਨਹੀਂ ਹੁੰਦੀ, ਉਹ ਉਸ ਅਗ ਨੂੰ ਸੋਹਣਾ ਸਮਝ ਉਸ ਵਿਚ ਉਲਝ ਕੇ ਜਾਨ ਗੁਆ ਬੈਠਦਾ ਹੈ – 'ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ॥', ਪੰਨਾ ੪੮੨. ਇਸੇ ਤਰ੍ਹਾਂ ਚੌਥੇ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਪਤੰਗਾ, ਮਿਰਗ, ਭਉਰਾ, ਹਾਥੀ ਅਤੇ ਮਛੀ ਵਿਚ ਇਕ ਇਕ ਵਿਕਾਰ ਹੋਣ ਕਾਰਨ ਕਾਲ ਵਸ ਹੋ ਜਾਂਦੇ ਹਨ, ਉਨ੍ਹਾਂ ਨੂੰ ਸਮਝ ਨਹੀਂ ਹੁੰਦੀ – 'ਪਚੈ ਪਤੰਗੁ ਮ੍ਰਿਗ ਭ੍ਰਿੰਗ ਕੁੰਚਰ ਮੀਨ ਇਕ ਇੰਦ੍ਰੀ ਪਕਰਿ ਸਘਾਰੇ॥', ਪੰਨਾ ੯੮੩. ਹਿਰਨ ਨੂੰ ਇਕ ਖਾਸ ਕਿਸਮ ਦੇ ਸੰਗੀਤ ਦੀ ਖਿਚ ਉਸਨੂੰ ਸ਼ਿਕਾਰੀ ਦੇ ਜਾਲ ਵਿਚ ਫਸਾ ਦਿੰਦੀ ਹੈ। ਭਉਰਾ ਸੁਗੰਧੀ ਕਰ ਕੇ ਕਮਲ ਦੇ ਫੁਲ ਵਿਚ ਫਸ ਜਾਂਦਾ ਹੈ। ਹਾਥੀ ਕਾਮ ਦੇ ਵਿਕਾਰ ਕਰਕੇ ਨਕਲੀ ਹਥਨੀ ਵਲ ਖਿਚਿਆ ਜਾਂਦਾ ਹੈ ਤੇ ਸ਼ਿਕਾਰੀ ਰਾਹ ਵਿਚ ਵਡਾ ਟੋਆ ਪੁਟ ਕੇ ਉਪਰੋਂ ਢਕ ਦਿੰਦਾ ਹੈ ਤੇ ਹਾਥੀ ਉਸ ਵਿਚ ਡਿਗ ਕੇ ਸ਼ਿਕਾਰੀ ਦੇ ਕਾਬੂ ਆ ਜਾਂਦਾ ਹੈ। ਮਛੀ ਜੀਭ ਦਾ ਸੁਆਦ ਹੋਣ ਕਰ ਕੇ ਮਛਹਿਰੇ ਦੇ ਕੰਡੇ ਵਿਚ ਫਸ ਜਾਂਦੀ ਹੈ। ਇਨ੍ਹਾਂ ਸਭ ਨੂੰ

ਪ੍ਰਭੂ ਤੇ ਨਾਮ ਦੀ ਸਮਝ ਨਹੀਂ ਹੁੰਦੀ ਤੇ ਵਖ ਵਖ ਜੂਨਾਂ ਵਿਚ ਫਸੇ ਰਹਿੰਦੇ ਹਨ।

-- ਰਤਨ ਵਰਗਾ ਕੀਮਤੀ ਜਨਮ ਤੂੰ ਗੁਆ ਕੇ ਤੂੰ ਮੌਕਾ ਖੁੰਜਾ ਲਿਆ, ਸੋ ਹੁਣ ਇਹ ਮੌਕਾ ਤੈਨੂੰ ਦੁਬਾਰਾ ਸੌਖੇ ਕਿਤੇ ਨਹੀਂ ਮਿਲਣਾ।੩।

ਇਸ ਲਈ ਪੰਚਮ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਜੋ ਮਨੁਖ ਗੁਰਮੰਤਰ ਦਾ ਸਿਮਰਨ ਨਹੀਂ ਕਰਦੇ ਉਹ ਕੁਤੇ, ਸੂਰ, ਗਧੇ, ਕਾਂ, ਸਪ ਦੇ ਤੁਲ ਹੀ ਹੁੰਦੇ ਹਨ, ਮੂਰਖ ਹੁੰਦੇ ਹਨ - 'ਗੁਰਮੰਤ੍ਰ ਹੀਣਸ੍ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥ ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥', ਅੰਕ ੧੩੫੬. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਖ਼ਬਰਦਾਰ ਕਰਦੇ ਹਨ ਕਿ ਗੋਬਿੰਦ ਪ੍ਰਭੂ ਦਾ ਨਾਮ ਨਾ ਜਪਣ ਕਰ ਕੇ ਮਨੁਖ ਹੀਰੇ ਵਰਗਾ ਜਨਮ ਗੁਆ ਬੈਠਦਾ ਹੈ, ਪ੍ਰਭੂ ਦੇ ਨਾਮ ਵਿਚ ਲੀਨ ਨਾ ਹੋ ਕੇ ਸਾਰੀ ਉਮਰ ਵਿਅਰਥ ਗੁਆ ਲੈਂਦਾ ਹੈ - 'ਰਤਨ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀ ਜਾਨੀ॥ ਨਿਮਖ ਨ ਲੀਨ ਭਇਓ ਚਰਨਨ ਸਿੰਉ ਬਿਰਥਾ ਅਉਧ ਸਿਰਾਨੀ॥', ਪੰਨਾ ੨੨੦. ਸ੍ਰੀ ਗੁਰੂ ਨਾਨਕ ਸਾਹਿਬ ਬਚਨ ਕਰਦੇ ਹਨ ਕਿ ਇਸ ਸਭ ਦਾ ਕਾਰਣ ਇਹ ਹੈ ਕਿ ਜਿਹੜਾ ਵਿਅਕਤੀ ਨਾਮ ਨਾ ਜਪ ਕੇ, ਰਾਤ ਸੌਂ ਕੇ ਤੇ ਦਿਨ ਖਾ ਪੀ ਕੇ ਬਤੀਤ ਕਰ ਦਿੰਦਾ ਹੈ ਉਹ ਇਸ ਹੀਰੇ ਵਰਗੇ ਮਨੁਖਾ ਜਨਮ ਨੂੰ ਵਿਅਰਥ ਗੁਆ ਬੈਠਦਾ ਹੈ ਤੇ ਪਛਤਾਂਦਾ ਹੈ - 'ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥.. ਨਾਮੁ ਨ ਜਾਨਿਆ ਰਾਮ ਕਾ॥ ਮੂੜੇ ਫਿਰਿ ਪਾਛੈ ਪਛੁਤਾਹਿ ਰੇ॥', ਪੰਨਾ ੧੫੬.

**ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈ ਹੈ ॥**
**ਕਹਤ ਕਬੀਰ ਰਾਮ ਨਾਮ ਬਿਨੁ ਮੂੰਡ ਧੁਨੇ ਪਛੁਤਈ ਹੈ ॥੪॥੧॥**

-- ਜਿਵੇਂ ਤੇਲੀ ਦਾ ਬਲਦ ਇਕੋ ਕਿਲੇ ਦੇ ਦੁਆਲੇ ਹੀ ਘੁੰਮਦਾ ਰਹਿੰਦਾ ਹੈ, ਉਹੀ ਹਾਲਤ ਹੁਣ ਤੇਰੀ ਹੈ ਅਤੇ ਬਾਂਦਰ ਵਾਂਗੂ ਭਟਕਦਿਆਂ ਤੇਰੀ ਜ਼ਿੰਦਗੀ ਬਿਨਾਂ ਮੋਖ ਪ੍ਰਾਪਤ ਕੀਤਿਆਂ ਹੀ ਗੁਜ਼ਰ ਜਾਏਗੀ।

-- ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਰਾਮ ਪ੍ਰਭੂ ਦਾ ਨਾਮ ਜਪੇ ਬਿਨਾਂ ਤੂੰ ਅਖੀਰ ਆਪਣਾ ਸਿਰ ਪਟਕ ਪਟਕ ਕੇ ਪਛਤਾਏਂਗਾ।੪।੧।

ਭਗਤ ਕਬੀਰ ਜੀ ਸਾਵਧਾਨ ਕਰਦੇ ਹਨ ਕਿ ਸੂਰ ਕੁਤੇ ਆਦਿ ਅਨੇਕਾਂ ਜੂਨਾਂ ਵਿਚ ਭਟਕਦੇ ਤੈਨੂੰ ਸ਼ਰਮ ਨਹੀਂ ਆਉਂਦੀ ! ਰਾਮ ਪ੍ਰਭੂ ਦਾ ਅੰਮ੍ਰਿਤ ਰੂਪੀ ਸਿਮਰਨ ਛਡ ਕੇ ਕਾਹਨੂੰ ਮੋਹ-ਮਾਇਆ ਰੂਪੀ ਬਿਖ, ਜ਼ਹਿਰ ਖਾਈ ਜਾਂਦਾ ਹੈਂ - 'ਸੂਕਰ ਕੂਕਰ ਜੋਨਿ ਭ੍ਰਮੇ ਤਊ ਲਾਜ ਨ ਆਈ॥ ਰਾਮ ਨਾਮ ਛਾਡਿ ਅੰਮ੍ਰਿਤ ਕਾਹੇ ਬਿਖੁ ਖਾਈ॥' ਇਸ ਲਈ ਰਾਮ ਪ੍ਰਭੂ ਦਾ ਸਿਮਰਨ ਕਰ ਲੈ, ਇਸ ਤੋਂ ਬਿਨਾਂ ਅਨੇਕਾਂ ਜੀਵ ਭਵਜਲ ਸਾਗਰ ਵਿਚ ਡੁਬਦੇ ਜਾ ਰਹੇ ਹਨ - 'ਰਾਮ ਸਿਮਰਿ ਰਾਮ ਸਿਮਰਿ ਰਾਮ ਸਿਮਰਿ ਭਾਈ॥ ਰਾਮ ਨਾਮ ਸਿਮਰਨ ਬਿਨੁ ਬੂਡਤੇ ਅਧਿਕਾਈ॥', ਪੰਨਾ ੬੯੨. ਇਸ ਲਈ ਗੁਰਮਤਿ ਅਨੁਸਾਰ **ਵਾਹਗੁਰੂ ਵਾਹਗੁਰੂ ਵਾਹਗੁਰੂ ਵਾਹਗੁਰੂ ਵਾਹਗੁਰੂ...** ਸਿਮਰ ਲਈਏ ਜੀ।

